ਪੱਨਬੱਸ ਵਿੱਚ ਕੰਟਰੈਕਟ ਦੇ ਆਧਾਰ ਤੇ ਸਟਾਫ ਦੀ ਭਰਤੀ

ਪੰਜਾਬ ਸਟੇਟ ਬੱਸ ਸਟੈਂਡ ਮੈਨੇਜਮੈਂਟ ਕੰਪਨੀ, ਲਿਮਃ, (ਪੱਨਬੱਸ)
ਜੀਵਨ ਦੀਪ ਬਿਲਡਿੰਗ ਸੈਕਟਰ-17 ਏ, ਚੰਡੀਗੜ੍ਹ।
(**www.punjabroadways.gov.in**)

ਪੱਨਬੱਸ ਦੇ ਵੱਖ-ਵੱਖ ਡਿਪੂਆਂ ਵਿੱਚ ਹੇਠ ਲਿਖੀਆਂ ਆਸਾਮੀਆਂ ਕੰਟਰੈਕਟ ਦੇ ਆਧਾਰ ਤੇ ਭਰਨ ਲਈ ਆਨ-ਲਾਈਨ ਬਿਨੈ ਪੱਤਰ ਮੰਗੇ ਜਾਂਦੇ ਹਨ। ਇਹ ਬਿਨੈ ਪੱਤਰ ਆਨ-ਲਾਈਨ ਭਰਨ ਲਈ ਰਜਿਸਟਰੇਸ਼ਨ ਦੀ ਮਿਤੀ 06.08.2014 ਤੋਂ 05.09.2014 ਤੱਕ ਹੈ। ਬੈਂਕ ਵਿੱਚ ਫੀਸ ਮਿਤੀ 08.09.2014 ਤੱਕ ਜਮ੍ਹਾ ਕਰਵਾਈ ਜਾ ਸਕਦੀ ਹੈ:-

| ਆਸਾਮੀ ਦਾ ਨਾਂ ਅਤੇ ਗਿਣਤੀ | ਵਿਦਿਅਕ ਯੋਗਤਾ/ਤਜਰਬਾ | ਉਮਰ |
|---|---|---|
| ਡਰਾਈਵਰ-1250 | ਘੱਟੋ-ਘੱਟ ਅਠਵੀਂ ਪਾਸ ਅਤੇ ਪੰਜ ਸਾਲ ਪੁਰਾਣਾ ਐਚ.ਟੀ.ਵੀ/ ਐਚ.ਜੀ.ਵੀ/ ਐਚ.ਪੀ.ਵੀ/ ਐਚ.ਐਮ.ਵੀ ਯੋਗ ਲਾਇਸੈਂਸ ਅਤੇ ਘੱਟੋ-ਘੱਟ ਪੰਜ ਸਾਲ ਦਾ ਪੈਸੇਂਜਰ ਬੱਸ ਚਲਾਉਣ ਦਾ ਤਜਰਬਾ। ਪੰਜ ਸਾਲ ਦੇ ਤਜਰਬੇ ਤੋਂ ਵੱਧ ਤਜਰਬਾ ਕੇਵਲ ਸਰਕਾਰੀ ਅਦਾਰੇ/ ਸਰਕਾਰੀ ਕੰਪਨੀ/ ਸਰਕਾਰੀ ਕਾਰਪੋਰੇਸ਼ਨ/ਪਬਲਿਕ ਸੈਕਟਰ ਅੰਡਰਟੇਕਿੰਗ ਵਿੱਚ ਪੈਸੇਂਜਰ ਬੱਸ ਚਲਾਉਣ ਲਈ ਕੀਤੀ ਸੇਵਾ ਨੂੰ ਹੀ ਯੋਗ ਤਜਰਬਾ ਗਿਣਿਆ ਜਾਵੇਗਾ। | 25 ਤੋਂ 45 ਸਾਲ ਅਨੁਸੂਚਿਤ ਜਾਤੀ ਅਤੇ ਸਾਬਕਾ ਫੌਜੀਆਂ ਲਈ ਉਮਰ ਵਿੱਚ ਪੰਜ ਸਾਲ ਦੀ ਛੋਟ ਹੋਵੇਗੀ। ਪੱਨਬੱਸ ਵਿੱਚ ਕੰਮ ਕਰਦੇ ਉਮੀਦਵਾਰਾਂ ਨੂੰ ਪੱਨਬੱਸ ਵਿੱਚ ਕੀਤੀ ਸੇਵਾ ਦੇ ਬਰਾਬਰ ਉਮਰ ਵਿੱਚ ਛੋਟ ਦਿੱਤੀ ਜਾਵੇਗੀ। |
| ਕੰਡਕਟਰ-1250 | ਕਿਸੇ ਮਾਨਤਾ ਪ੍ਰਾਪਤ ਸੰਸਥਾ/ਬੋਰਡ ਦੀ ਦਸਵੀਂ ਦੂਜੇ ਦਰਜੇ ਵਿੱਚ ਪਾਸ ਅਤੇ ਦਸਵੀਂ ਪੱਧਰ ਦੀ ਪੰਜਾਬੀ ਪਾਸ ਯੋਗਤਾ ਅਤੇ ਕੰਡਕਟਰ ਦਾ ਵੈਲਿਡ ਲਾਇਸੈਂਸ । ਕਿਸੇ ਵੀ ਕੰਡਕਟਰ ਵੱਲੋਂ ਸਰਕਾਰੀ ਅਦਾਰੇ/ਸਰਕਾਰੀ ਕੰਪਨੀ/ਸਰਕਾਰੀ ਕਾਰਪੋਰੇਸ਼ਨ/ ਪਬਲਿਕ ਸੈਕਟਰ ਅੰਡਰਟੇਕਿੰਗ ਵਿੱਚ ਕੀਤੀ ਸਰਵਿਸ ਨੂੰ ਹੀ ਯੋਗ ਤਜਰਬਾ ਗਿਣਿਆ ਜਾਵੇਗਾ। | 18 ਤੋਂ 38 ਸਾਲ ਅਨੁਸੂਚਿਤ ਜਾਤੀ ਅਤੇ ਸਾਬਕਾ ਫੌਜੀਆਂ ਲਈ ਉਮਰ ਵਿੱਚ ਪੰਜ ਸਾਲ ਦੀ ਛੋਟ ਹੋਵੇਗੀ। ਪੱਨਬੱਸ ਵਿੱਚ ਕੰਮ ਕਰਦੇ ਉਮੀਦਵਾਰਾਂ ਨੂੰ ਪੱਨਬੱਸ ਵਿੱਚ ਕੀਤੀ ਸੇਵਾ ਦੇ ਬਰਾਬਰ ਉਮਰ ਵਿੱਚ ਛੋਟ ਦਿੱਤੀ ਜਾਵੇਗੀ। |
| ਵਰਕਸ਼ਾਪ ਸਟਾਫ ਜੂਨੀਅਰ ਟੈਕਨੀਸ਼ੀਅਨ<br>ਮਕੈਨਿਕ- 100<br>ਇਲੈਕਟ੍ਰੀਸ਼ਨ- 25<br>ਲੁਹਾਰ- 25<br>ਵੈਲਡਰ- 25<br>ਪੇਂਟਰ- 25 | ਵਰਕਸ਼ਾਪ ਸਟਾਫ ਲਈ ਮੈਟ੍ਰਿਕ ਜਾਂ ਇਸ ਦੇ ਬਰਾਬਰ ਦੀ ਵਿਦਿਅਕ ਯੋਗਤਾ (ਪੰਜਾਬੀ ਪਾਸ ਸਮੇਤ) ਅਤੇ ਆਈ.ਟੀ.ਆਈ. ਦਾ ਸਬੰਧਤ ਟਰੇਡ ਜਿਵੇਂ ਕਿ ਮਕੈਨਿਕ ਲਈ ਮੋਟਰ ਵਹੀਕਲ, ਇਲੈਕਟ੍ਰੀਸ਼ਨ ਲਈ ਆਟੋ ਇਲੈਕਟ੍ਰੀਸ਼ਨ, ਵੈਲਡਰ ਲਈ ਗੈਸ ਅਤੇ ਇਲੈਕਟ੍ਰਿਕ ਵੈਲਡਿੰਗ, ਪੇਂਟਰ ਲਈ ਪੇਂਟਿੰਗ ਅਤੇ ਬਲੈਕ ਸਮਿਥ ਲਈ ਮੋਟਰ ਵਹੀਕਲ ਬਾਡੀ ਬਿਲਡਰ ਟਰੇਡ ਦਾ ਸਰਟੀਫਿਕੇਟ ਹੋਣਾ ਜਰੂਰੀ ਹੈ ਅਤੇ ਘੱਟੋ-ਘੱਟ ਤਿੰਨ ਸਾਲ ਦਾ ਤਜਰਬਾ। ਤਿੰਨ ਸਾਲ ਤੋਂ ਵੱਧ ਤਜਰਬਾ ਕੇਵਲ ਸਰਕਾਰੀ ਅਦਾਰੇ /ਸਰਕਾਰੀ ਕੰਪਨੀ/ਸਰਕਾਰੀ ਕਾਰਪੋਰੇਸ਼ਨ/ ਪਬਲਿਕ ਸੈਕਟਰ ਅੰਡਰਟੇਕਿੰਗ ਵਿੱਚ ਕੀਤੀ ਸੇਵਾ ਨੂੰ ਹੀ ਯੋਗ ਤਜਰਬਾ ਗਿਣਿਆ ਜਾਵੇਗਾ। | 18 ਤੋਂ 38 ਸਾਲ ਅਨੁਸੂਚਿਤ ਜਾਤੀ ਅਤੇ ਸਾਬਕਾ ਫੌਜੀਆਂ ਲਈ ਉਮਰ ਵਿੱਚ ਪੰਜ ਸਾਲ ਦੀ ਛੋਟ ਹੋਵੇਗੀ। ਪੱਨਬੱਸ ਵਿੱਚ ਕੰਮ ਕਰਦੇ ਉਮੀਦਵਾਰਾਂ ਨੂੰ ਪੱਨਬੱਸ ਵਿੱਚ ਕੀਤੀ ਸੇਵਾ ਦੇ ਬਰਾਬਰ ਉਮਰ ਵਿੱਚ ਛੋਟ ਦਿੱਤੀ ਜਾਵੇਗੀ। |

ਲਿਖਤੀ ਟੈਸਟ — ਉਪਰੋਕਤ ਆਸਾਮੀਆਂ ਦੀ ਭਰਤੀ ਲਈ ਲਿਖਤੀ ਟੈਸਟ ਲਿਆ ਜਾਵੇਗਾ।

ਰਾਖਵਾਕਰਨ — ਰਾਖਵਾਕਰਨ ਪੰਜਾਬ ਸਰਕਾਰ ਵੱਲੋਂ ਜਾਰੀ ਪਾਲਿਸੀ/ਹਦਾਇਤਾਂ ਅਨੁਸਾਰ ਹੋਵੇਗਾ।

ਤਨਖਾਹ — ਉਮੀਦਵਾਰਾਂ ਦੀ ਤਨਖਾਹ ਕਿਰਤ ਕਮਿਸ਼ਨਰ, ਪੰਜਾਬ ਵੱਲੋਂ ਨਿਰਧਾਰਤ ਘੱਟੋ-ਘੱਟ ਉਜਰਤ ਦੇ ਆਧਾਰ ਤੇ ਦਿੱਤੀ ਜਾਵੇਗੀ ਜੋ ਕਿ ਮਿਤੀ 1.9.2013 ਦੇ ਨੋਟੀਫੀਕੇਸ਼ਨ ਅਨੁਸਾਰ ਡਰਾਈਵਰ ਲਈ 8956.75 ਰੁਃ, ਕੰਡਕਟਰ ਅਤੇ ਵਰਕਸ਼ਾਪ ਸਟਾਫ ਨੂੰ 7924.75 ਰੁਃ ਪ੍ਰਤੀ ਮਹੀਨਾ ਹੋਵੇਗੀ।

ਫੀਸ — ਜਨਰਲ/ਪਃਸ਼੍ਰੇਣੀ ਦੇ ਉਮੀਦਵਾਰਾਂ ਲਈ 1000/-ਰੁਃ, ਅਨੁਸੂਚਿਤ ਜਾਤੀ ਲਈ 250/-ਰੁਃ, ਸਾਬਕਾ ਫੌਜੀਆਂ ਲਈ 200/-ਰੁਃ, ਅੰਗਹੀਣ ਲਈ 500/-ਰੁਃ ਹੋਵੇਗੀ। ਇਸ ਤੋਂ ਇਲਾਵਾ 30/-ਰੁਃ ਪ੍ਰਤੀ ਉਮੀਦਵਾਰ ਬੈਂਕ ਚਾਰਜਿਜ ਹੋਣਗੇ।

ਉਮੀਦਵਾਰ ਆਨ-ਲਾਈਨ ਫਾਰਮ ਭਰਨ ਲਈ ਅਤੇ ਵਿਦਿਅਕ/ਤਕਨੀਕੀ ਯੋਗਤਾਵਾਂ, ਭਰਤੀ ਸਬੰਧੀ ਹੋਰ ਜਾਣਕਾਰੀ ਅਤੇ ਸ਼ਰਤਾਂ ਵਿਭਾਗ ਦੀ ਵੈੱਬਸਾਈਟ www.punjabroadways.gov.in **Recruitment of Conductors and Drivers and Workshop Staff on contract Basis-2014** ਤੇ ਮਿਤੀ 06.08.2014 ਤੋਂ ਦੇਖ ਸਕਦੇ ਹਨ। ਆਨ-ਲਾਈਨ ਫਾਰਮ ਭਰਨ ਸਮੇਂ ਕਿਸੇ ਸਪਸ਼ਟੀਕਰਨ ਲਈ ਪੱਨਬੱਸ ਦਫਤਰ ਦੇ ਹੈਲਪ ਡੈਸਕ ਨੰ:0172-2704114 ਅਤੇ 98880-52054,98880-49317 ਤੇ ਸੰਪਰਕ ਕਰ ਸਕਦੇ ਹਨ।

ਮੈਨੇਜਿੰਗ ਡਾਇਰੈਕਟਰ, ਪੱਨਬੱਸ।